ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ, ਫੇਸ-8, ਮੋਹਾਲੀ, ਸ.ਅ.ਸ. ਨਗਰ
(ਅਮਲਾ-2 ਸ਼ਾਖਾ)

**ਨੋਟਿਸ** ਮਿਤੀ: 27-06-2019

3582 ਮਾਸਟਰ ਕਾਡਰ ਦੀ ਭਰਤੀ ਅਧੀਨ ਸਾਇੰਸ, ਮੈਥ, ਸਮਾਜਿਕ ਸਿੱਖਿਆ, ਪੰਜਾਬੀ, ਅੰਗਰੇਜੀ ਅਤੇ ਹਿੰਦੀ ਵਿਸ਼ੇ ਦੇ ਜਿਹਨਾਂ ਉਮੀਦਵਾਰ ਨੂੰ ਕੋਡ ਆਫ ਕੰਡਕਟ ਖਤਮ ਹੋਣ ਉਪਰੰਤ ਮਿਤੀ 27.05.2019 ਅਤੇ 28.05.2019 ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ ਉਹਨਾਂ ਸਟੇਸ਼ਨ ਚੋਣ ਸਮੇਤ ਨਿਯੁਕਤੀ ਪੱਤਰ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

ਇਹ ਉਮੀਦਵਾਰ ਮਿਤੀ 01.07.2019 ਨੂੰ ਸਵੇਰੇ 10.00 ਵਜੇ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਤੀਜੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ, ਸ.ਅ.ਸ. ਨਗਰ ਦੀ ਅਮਲਾ-2 ਸ਼ਾਖਾ ਵਿੱਖੇ ਹਾਜਰ ਹੋਣਗੇ।

ਇਸ ਤੋਂ ਇਲਾਵਾ ਕੁਝ ਉਮੀਦਵਾਰ ਜਿਹਨਾਂ ਨੂੰ ਮਿਤੀ 16.02.2019, ਮਿਤੀ 26.02.2019 ਅਤੇ ਮਿਤੀ 06.05.2019 ਨੂੰ ਸਟੇਸ਼ਨ ਅਲਾਟ ਕੀਤੇ ਗਏ ਸਨ ਅਤੇ ਉਹ ਅਲਾਟ ਸਟੇਸ਼ਨ ਖਾਲੀ ਨਾ ਹੋਣ ਕਾਰਨ/ਸਰਪਲਸ ਹੋਣ ਕਾਰਨ ਹਾਜਰ ਨਹੀਂ ਹੋ ਸਕੇ ਸਨ, ਅਜਿਹੇ ਉਮੀਦਵਾਰ ਵੀ ਮਿਤੀ 01.07.2019 ਨੂੰ ਨਿਸ਼ਚਿਤ ਥਾਂ ਅਨੁਸਾਰ ਮੁੜ ਸਟੇਸ਼ਨ ਚੋਣ ਲਈ ਦਫਤਰ ਵਿਖੇ ਹਾਜਰ ਹੋਣਗੇ।

ਉਮੀਦਵਾਰ ਆਪਣੇ ਨਾਲ ਭਰਤੀ ਲਈ ਅਪਲਾਈ ਕਰਨ ਦਾ ਸਬੂਤ, ਫੋਟੋ ਸ਼ਨਾਖਤੀ ਕਾਰਡ ਦੀ ਕਾਪੀ, ਸਵੈ ਘੋਸ਼ਣਾ ਪੱਤਰ ਸਮੇਤ ਫੋਟੋ, ਪੇਸ਼ਕਸ਼ ਪੱਤਰ ਦੀ ਕਾਪੀ ਅਤੇ ਮੈਡੀਕਲ ਦੀ ਫੋਟੋ ਕਾਪੀ ਨਾਲ ਲੈ ਕੇ ਆਉਣਗੇ।

ਸਹਾਇਕ ਡਾਇਰੈਕਟਰ ਸਪ੍ਰ-2